# ਯੂਨੀਵਰਸਿਟੀ ਕੈਂਪਸ ਵਿਖੇ ਸਥਿਤ
# ਵਹੀਕਲ ਸਟੈਂਡਾਂ ਦਾ ਵੇਰਵਾ

| | |
|---|---|
| 1. | ਯੂਨੀਵਰਸਿਟੀ ਮੇਨ ਗੇਟ ਅਤੇ ਯੂਨੀਵਰਸਿਟੀ ਬੈਕ ਸਾਇਡ ਗੇਟ ਦੇ ਨਜ਼ਦੀਕ 2 ਨਵੇਂ ਤਿਆਰ ਹੋਏ ਵਹੀਕਲ ਸਟੈਂਡ ਸਮੇਤ ਯੂਨੀਵਰਸਿਟੀ ਬਿਜਨੈਸ ਸਕੂਲ ਦਾ ਵਹੀਕਲ ਸਟੈਂਡ |

**<u>ਯੂਨੀਵਰਸਿਟੀ ਮੇਨ ਗੇਟ ਅਤੇ ਯੂਨੀਵਰਸਿਟੀ ਬੈਕ ਸਾਇਡ ਗੇਟ ਦੇ ਨਜ਼ਦੀਕ 2 ਨਵੇਂ ਤਿਆਰ ਹੋਏ ਵਹੀਕਲ ਸਟੈਂਡ ਸਮੇਤ ਯੂਨੀਵਰਸਿਟੀ ਬਿਜਨੈਸ ਸਕੂਲ ਦਾ ਵਹੀਕਲ ਸਟੈਂਡ</u>**

**<u>ਬਿਨੈਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਵਹੀਕਲ ਸਟੈਂਡਾਂ ਲਈ ਅਪਲਾਈ ਕਰਨ ਤੋਂ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਬਿਨੈ-ਪੱਤਰ ਕੈਂਸਲ/ਰਿਜੈਕਟ ਨਾ ਹੋਵੇ ।</u>**

1. ਵੱਖ-ਵੱਖ Regd. Firms/Individuals ਜਿਨ੍ਹਾਂ ਦੀ ਸਾਲਾਨਾ turn over 5 ਲੱਖ ਹੈ (*ਬਸ਼ਰਤੇ ਉਸ ਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar ਕੀਤਾ ਗਿਆ ਹੋਵੇ*), ਉਹ ਹੀ ਬਿਨੈਕਾਰ ਇਨ੍ਹਾਂ ਵਹੀਕਲ ਸਟੈਂਡਾਂ ਲਈ ਅਪਲਾਈ ਕਰ ਸਕਦੇ ਹਨ । ਇਸ ਦੇ ਨਾਲ ਹੀ ਬਿਨੈਕਾਰਾਂ ਕੋਲ ਕਿਸੇ ਸੰਸਥਾਂ/ਕਾਲਜ/ ਯੂਨੀਵਰਸਿਟੀ ਵਿਖੇ ਕੰਮ ਕਰਨ ਦਾ ਘੱਟੋ-ਘੱਟ 3 ਸਾਲ ਦਾ Experience ਹੋਵੇ । ਇਸ ਦੇ ਸਬੂਤ ਵਜੋਂ ਬਿਨੈਕਾਰ ਵਲੋਂ ਅਪਣੀ Income Tax Return, PAN, Experience Certificate ਅਤੇ Residence Proof (Adhaar Card) ਦੀ ਪਰਤ ਬਿਨੈ ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।
2. ਵਹੀਕਲ ਸਟੈਂਡ ਦੀ ਅਲਾਟਮੈਂਟ ਸਬੰਧੀ ਬਿਨੈ-ਪੱਤਰ ਮਿਤੀ 26-7-2018 ਸ਼ਾਮ 5.00 ਵਜੇ ਤੱਕ ਮੰਗੇ ਜਾਂਦੇ ਹਨ । ਫਾਰਮ/ਬਿਨੈ ਪੱਤਰ ਸੀਲਡ ਲਿਫਾਫੇ ਵਿਚ **ਸਹਾਇਕ ਰਜਿਸਟਰਾਰ(ਜਨਰਲ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ** ਦੇ ਪਤੇ ਤੇ ਰਜਿਸਟਰਡ ਪੋਸਟ ਰਾਹੀਂ ਭੇਜੇ ਜਾਣ ਜਿਸ ਉੱਪਰ ਮੋਟੇ ਅੱਖਰਾਂ ਵਿੱਚ "Application for the allotment of Vehicle Stand" ਲਿਖਿਆ ਹੋਵੇ । ਮਿਤੀ 26-7-2018 ਤੱਕ ਪ੍ਰਾਪਤ ਹੋਣ ਵਾਲੇ ਸਮੁੱਚੇ ਬਿਨੈ-ਪੱਤਰਾਂ ਨੂੰ ਮਿਤੀ 27-7-2018 ਨੂੰ ਬਿਨੈਕਾਰਾਂ ਦੇ ਹਾਜ਼ਰੀ ਵਿੱਚ ਖੋਲਿਆ ਜਾਵੇਗਾ । ਜੇਕਰ ਕਿਸੇ ਬਿਨੈਕਾਰ ਵੱਲੋਂ ਉਕਤ ਅਨੁਸਾਰ ਕੀਤੀ ਗਈ ਹਿਦਾਇਤ ਦੇ ਬਾਵਜੂਦ ਵੀ ਅਪਣਾ ਬਿਨੈ-ਪੱਤਰ ਸਹੀ ਤਰੀਕੇ ਨਾਲ ਨਹੀਂ ਭੇਜਿਆ ਜਾਂਦਾ ਤਾਂ ਉਹ ਬਿਨੈ-ਪੱਤਰ ਮਿਤੀ 27-7-2018 ਤੋਂ ਪਹਿਲਾਂ ਖੋਲਣ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
3. ਵਹੀਕਲ ਸਟੈਂਡ ਦੀ ਮੁਢਲੀ ਅਲਾਟਮੈਂਟ **ਮਿਤੀ 01/08/2018 ਤੋਂ 30/06/2019** ਤੱਕ ਲਈ ਹੋਵੇਗੀ ਅਤੇ ਠੇਕੇਦਾਰ ਦੇ ਕੰਮ ਅਤੇ ਵਿਵਹਾਰ ਨੂੰ ਮੁੱਖ ਰਖਦੇ ਹੋਏ ਅਗਲੇ 2 ਸਾਲਾਂ ਲਈ (Extendable upto 30-6-2021 ਤੱਕ) ਹਰ ਸਾਲ 5% ਕਿਰਾਏ ਵਿੱਚ ਵਾਧਾ ਕਰਦੇ ਹੋਏ ਅਲਾਟਮੈਂਟ ਦੀ ਮਿਆਦ ਵਿੱਚ ਵਾਧਾ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
4. ਫਾਰਮ/ਬਿਨੈ ਪੱਤਰ ਦੀ ਕੀਮਤ 2,000/- ਰੁਪਏ ਯੂਨੀਵਰਸਿਟੀ ਕੈਸ਼ੀਅਰ ਪਾਸ ਜਮਾਂ ਕਰਵਾਈ ਜਾਵੇਗੀ ।
5. ਇਨ੍ਹਾਂ ਵਹੀਕਲ ਸਟੈਂਡਾਂ ਲਈ ਘੱਟੋ-ਘੱਟ **20,000/-** ਪ੍ਰਤੀ ਮਹੀਨਾ License Fee/ Financial Bid (GST excluded) ਰੱਖੀ ਗਈ ਹੈ ।
6. ਵਹੀਕਲ ਸਟੈਂਡ ਲਈ ਬਿਨੈਕਾਰ ਵੱਲੋਂ ਅਪਣੇ ਬਿਨੈ ਪੱਤਰ ਵਿੱਚ ਜਿੰਨੀ License Fee/ Financial Bid ਭਰੀ ਜਾਵੇਗੀ ਉਸ ਦੇ ਤਿੰਨ ਗੁਣਾ ਰਾਸ਼ੀ ਦਾ Demand Draft ਜੋ ਕਿ Registrar, Guru Nanak Dev University, Amritsar ਦੇ ਨਾਮ ਤੇ ਹੋਵੇ ਅਪਣੇ ਬਿਨੈ ਪੱਤਰ ਦੇ ਨਾਲ ਹੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ, ਜਿਸ ਦੀ ਰਾਸ਼ੀ ਸਫਲ ਉਮੀਦਵਾਰ ਦੀ ਜਮਾਨਤੀ ਰਕਮ ਵਿੱਚ ਐਡਜਟ ਕਰ ਦਿੱਤੀ ਜਾਵੇਗੀ (*ਜੋ ਅਲਾਟਮੈਂਟ ਦੀ ਮਿਆਦ ਖਤਮ ਹੋਣ ਉਪਰੰਤ ਬਿਨ੍ਹਾਂ ਵਿਆਜ ਵਾਪਸੀ ਯੋਗ ਹੋਵੇਗੀ*) ਅਤੇ ਬਾਕੀ ਉਮੀਦਵਾਰਾਂ ਨੂੰ Demand Draft ਵਾਪਿਸ ਕਰ ਦਿੱਤਾ ਜਾਵੇਗਾ ।
7. ਵਹੀਕਲ ਸਟੈਂਡ ਲਈ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਵਿੱਚੋਂ ਜਿਸ ਯੋਗ ਬਿਨੈਕਾਰ ਵੱਲੋਂ ਸਭ ਤੋਂ ਜ਼ਿਆਦਾ Licence Fees/Financial Bid ਭਰੀ ਹੋਵੇਗੀ ਉਸ ਬਿਨੈਕਾਰ ਨੂੰ ਹੀ ਇੰਟਰਵਿਊ ਲਈ ਬੁਲਾਉਣ ਉਪਰੰਤ ਅਲਾਟਮੈਂਟ ਕੀਤੀ ਜਾਵੇਗੀ । ਜੇਕਰ ਬਿਨੈਕਾਰ ਇੰਟਰਵਿਊ ਵਿੱਚ ਹਾਜ਼ਰ ਨਹੀਂ ਹੁੰਦਾ (ਜੋ ਕਿ ਬਿਨੈਕਾਰ ਨੂੰ ਅਪੀਅਰ ਹੋਣਾ Mandatory ਹੈ), ਤਾਂ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ ਅਤੇ ਜੇਕਰ ਇੰਟਰਵਿਊ ਵਿੱਚ ਹਾਜ਼ਰ ਹੋਏ ਯੋਗ ਬਿਨੈਕਾਰ ਵੱਲੋਂ ਜੇਕਰ ਇਕ ਹਫਤੇ ਦੇ ਅੰਦਰ-ਅੰਦਰ ਪਹਿਲੇ 2 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਇਨ੍ਹਾਂ ਹਾਲਾਤਾ ਵਿੱਚ ਵੀ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ । ਇਸ ਉਪਰੰਤ Waiting List ਵਿੱਚੋਂ ਅਗਲੇ ਯੋਗ ਬਿਨੈਕਾਰ ਨੂੰ ਉਸ ਵੱਲੋਂ ਦਿੱਤੀ ਗਈ Licence

Fees/ Financial Bid ਦੇ ਆਧਾਰ ਤੇ ਹੀ ਅਲਾਟਮੈਂਟ ਸਬੰਧੀ ਕਾਰਵਾਈ ਕੀਤੀ ਜਾਵੇਗੀ ਅਤੇ ਜੇਕਰ ਅਗਲੇ ਯੋਗ ਬਿਨੈਕਾਰ ਵੱਲੋਂ ਵੀ ਉਕਤ ਅਨੁਸਾਰ ਲੋੜੀਂਦੀ ਕਾਰਵਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਲਈ ਵੀ ਉਕਤ ਨਿਯਮ ਹੀ ਲਾਗੂ ਹੋਣਗੇ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਭਵਿੱਖ ਵਿੱਚ ਯੂਨੀਵਰਸਿਟੀ ਕੈਂਪਸ ਵਿਖੇ ਕਿਸੇ ਕੰਟੀਨ, ਦੁਕਾਨ, ਵਹੀਕਲ ਸਟੈਂਡ ਆਦਿ ਲਈ ਅਪਲਾਈ ਕਰਨ ਤੋਂ debar ਕੀਤਾ ਜਾਵੇਗਾ ।

8. ਬਿਨੈਕਾਰਾਂ ਨੂੰ ਇਹ ਹਿਦਾਇਤ ਕੀਤੀ ਜਾਂਦੀ ਹੈ ਕਿ ਉਹ ਅਲਾਟਮੈਂਟ ਸਬੰਧੀ ਨਿਰਧਾਰਿਤ ਬਿਨੈ-ਪੱਤਰ ਵਿੱਚ ਅਪਣੇ ਮੋਬਾਇਲ ਨੰਬਰ ਅਤੇ E-mail ID ਸਹੀ ਭਰਨ ਕਿਉਂਜੋ ਯੋਗ ਬਿਨੈਕਾਰ ਨੂੰ ਇੰਟਰਵਿਉ ਸਬੰਧੀ ਦਫਤਰ ਵੱਲੋਂ ਮੋਬਇਲ ਕਾਲ, SMS ਅਤੇ ਉਸ ਵੱਲੋਂ ਦਿੱਤੀ ਗਈ E-mail ID ਤੇ ਸੂਚਨਾ ਦਿੱਤੀ ਜਾਵੇਗੀ । ਜੇਕਰ ਬਿਨੈਕਾਰ ਵੱਲੋਂ ਮੋਬਾਇਲ ਨੰਬਰ ਅਤੇ E-mail ID ਸਹੀ ਨਾ ਦਿੱਤੇ ਜਾਣ ਕਰਕੇ ਕੋਈ ਗਲਤੀ/ਦੇਰੀ ਹੁੰਦੀ ਹੈ ਜਾਂ ਉਸ ਬਿਨੈਕਾਰ ਦੀ ਇੰਟਰਵਿਉ ਰਹਿ ਜਾਂਦੀ ਹੈ ਤਾਂ ਉਸ ਦੀ ਜਿਮੇਂਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ । ਬਿਨੈ-ਪੱਤਰ ਪ੍ਰਾਪਤ ਹੋਣ ਉਪਰੰਤ ਦਫਤਰ ਵੱਲੋਂ ਸਮੂਹ ਯੋਗ ਬਿਨੈਕਾਰਾਂ ਦੀ ਲਿਸਟ (ਸਮੇਤ Waiting List) ਯੂਨੀਵਰਸਿਟੀ ਵੈਬ-ਸਾਇਟ ਤੇ Link->Tenders ਤੇ upload ਕੀਤੀ ਜਾਵੇਗੀ ।
9. ਵਹੀਕਲ ਸਟੈਂਡ ਦੀ ਅਲਾਟਮੈਂਟ ਹੋਣ ਉਪਰੰਤ ਜੇ ਕੋਈ ਠੇਕੇਦਾਰ ਵਹੀਕਲ ਸਟੈਂਡ ਦਾ ਠੇਕਾ ਨਿਰਧਾਰਿਤ ਮਿਤੀ ਤੋਂ ਪਹਿਲਾਂ ਛੱਡਨਾ ਚਾਹੇ ਤਾਂ ਉਸ ਵੱਲੋਂ ਯੂਨੀਵਰਸਿਟੀ ਨੂੰ 2 ਮਹੀਨੇ ਦਾ ਅਗਾਉਂ ਨੋਟਿਸ ਦੇਣਾ ਜ਼ਰੂਰੀ ਹੋਵੇਗਾ, ਅਤੇ ਜੇਕਰ ਉਸ ਵੱਲੋਂ ਅਗਾਉਂ ਨੋਟਿਸ ਦੇਣ ਤੋਂ ਬਗੈਰ ਵਹੀਕਲ ਸਟੈਂਡ ਦਾ ਠੇਕਾ ਛੱਡਿਆ ਜਾਂਦਾ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ ।
10. ਵਹੀਕਲ ਸਟੈਂਡ ਦਾ ਠੇਕੇਦਾਰ ਪਹਿਲੇ 2 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਕਰਵਾਏਗਾ ਅਤੇ ਅਗਲੇ 3 ਮਹੀਨਿਆਂ ਦਾ ਕਿਰਾਇਆ (*ਸਮੇਤ* GST) ਸਤੰਬਰ ਮਹੀਨੇ ਦੀ 25 ਤੋਂ 30 ਤਾਰੀਖ (*ਜਾਂ ਅਖੀਰਲੇ ਕੰਮ ਵਾਲੇ ਦਿਨ ਤੱਕ*) ਜਮ੍ਹਾਂ ਕਰਵਾਏਗਾ । ਜੇਕਰ ਠੇਕੇਦਾਰ ਵੱਲੋਂ ਇਸ ਦਰਮਿਆਨ ਕਿਰਾਇਆ (*ਸਮੇਤ* GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾ ਅਕਤੂਬਰ ਮਹੀਨੇ ਦੀ 15 ਤਾਰੀਖ ਤੱਕ (ਜਾਂ ਕੰਮ ਵਾਲੇ ਦਿਨ ਤੱਕ) ਉਸ ਨੂੰ ਕਿਰਾਇਆ (*ਸਮੇਤ* GST) 10% Penalty ਨਾਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜੇਕਰ ਠੇਕੇਦਾਰ ਵੱਲੋਂ ਫਿਰ ਵੀ ਕਿਰਾਇਆ (*ਸਮੇਤ* GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸਦਾ ਠੇਕਾ ਰੱਦ ਕਰਨ ਅਤੇ ਜਮਾਨਤੀ ਰਕਮ ਜਬਤ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ । ਇਹ ਹੀ ਸ਼ਰਤ ਅਗਲੀਆਂ ਤਿਮਾਹੀਆਂ ਦੇ ਕਿਰਾਏ ਆਦਿ ਤੇ ਲਾਗੂ ਹੋਵੇਗੀ ।
11. ਵਹੀਕਲ ਸਟੈਂਡ ਦਾ ਠੇਕੇਦਾਰ ਕਿਰਾਏ ਤੋਂ ਇਲਾਵਾ ਨਿਯਮਾਂ ਅਨੁਸਾਰ GST ਹੋਰ ਸਮੇਂ-ਸਮੇਂ ਤੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਟੈਕਸ ਦੇਣ ਦਾ ਪਾਬੰਦ ਹੋਵੇਗਾ ।
12. ਵਹੀਕਲ ਸਟੈਂਡ ਦੇ ਠੇਕੇਦਾਰ ਵੱਲੋਂ ਯੂਨੀਵਰਸਿਟੀ ਸੰਪਤੀ ਦੀ ਦੁਰਵਰਤੋਂ ਕਰਨ ਜਾਂ ਉਸਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਉਸਦੀ ਭਰਪਾਈ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਵਿੱਚੋਂ ਕੀਤੀ ਜਾਵੇਗੀ ।
13. ਵਹੀਕਲ ਸਟੈਂਡ ਵਿਚ ਕੰਮ ਕਰਨ ਵਾਲੇ ਸਰਵਿਸ ਸਟਾਫ ਦੀ ਉਮਰ 14 ਸਾਲਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ।
14. ਵਹੀਕਲ ਸਟੈਂਡ ਦੇ ਠੇਕੇਦਾਰ ਵਲੋਂ ਆਪਣੇ ਪੱਧਰ ਅਤੇ ਖਰਚੇ ਤੇ ਸਾਰੇ ਸਟਾਫ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
15. ਵਹੀਕਲ ਸਟੈਂਡ ਦਾ ਸਾਰਾ ਸਟਾਫ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਰੰਗ ਦੀ ਡਰੈਸ ਪਾਵੇਗਾ ।
16. ਵਹੀਕਲ ਸਟੈਂਡਾਂ ਵਿਖੇ Entry ਅਤੇ Exit Posts ਤੇ ਬਿਜਲੀ ਦੇ Sub Meter ਠੇਕੇਦਾਰ ਵੱਲੋਂ ਅਪਣੇ ਪੱਧਰ ਤੇ ਲਗਵਾਏ ਜਾਣਗੇ ਅਤੇ ਇਨ੍ਹਾਂ ਦੇ ਬਿੱਲਾਂ ਦੀ ਅਦਾਇਗੀ ਵੀ ਠੇਕੇਦਾਰ ਵੱਲੋਂ ਹੀ ਕੀਤੀ ਜਾਵੇਗੀ ।
17. ਠੇਕਦਾਰ ਵਹੀਕਲ ਸਟੈਂਡ ਨੂੰ ਸਾਫ ਸੁਥਰਾ ਰੱਖੇਗਾ ।
18. ਠੇਕੇਦਾਰ ਵੱਲੋਂ ਵਹੀਕਲ ਸਟੈਂਡ ਤੇ ਖੁਦ ਬੈਠਣਾ ਲਾਜ਼ਮੀ ਹੋਵੇਗਾ।
19. ਵਹੀਕਲ ਸਟੈਂਡਾਂ ਦਾ ਸਮਾਂ ਸਵੇਰੇ 8.00 ਵਜੇ ਤੋਂ ਸ਼ਾਮ 6.00 ਵਜੇ ਤੱਕ ਹੋਵੇਗਾ ਅਤੇ ਸਬੰਧਿਤ ਠੇਕੇਦਾਰ ਨੂੰ ਸ਼ਨੀਵਾਰ, ਐਤਵਾਰ ਅਤੇ ਸਰਕਾਰੀ ਛੁੱਟੀ ਵਾਲੇ ਦਿਨ ਵੀ ਵਹੀਕਲ ਸਟੈਂਡ ਤੇ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ ।
20. ਵਹੀਕਲ ਸਟੈਂਡ ਦਾ ਠੇਕੇਦਾਰ Students ਅਤੇ visitors ਪਾਸੋਂ ਹੇਠਾਂ ਦਰਸਾਏ ਅਨੁਸਾਰ ਪੈਸੇ ਚਾਰਜ਼ ਕਰੇਗਾ :

**ਬਾਹਰੀ ਵਿਅਕਤੀਆਂ (Visitors) ਲਈ (ਪ੍ਰਤੀ ਦਿਨ ਦੇ ਹਿਸਾਬ ਨਾਲ)**

ਸਕੂਟਰ/ਮੋਟਰ ਸਾਇਕਲ : 15/- ਕਾਰ : 30/-

**ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ (ਪ੍ਰਤੀ ਦਿਨ ਦੇ ਹਿਸਾਬ ਨਾਲ)**

ਸਕੂਟਰ/ਮੋਟਰ ਸਾਇਕਲ : 5/- ਕਾਰ : 10/-

**ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ Pass (ਪ੍ਰਤੀ ਮਹੀਨੇ ਦੇ ਹਿਸਾਬ ਨਾਲ)**

ਸਕੂਟਰ/ਮੋਟਰ ਸਾਇਕਲ : 25/- ਕਾਰ : 75/-

21. ਵਹੀਕਲ ਸਟੈਂਡ ਤੇ ਖੜੇ ਸਾਇਕਲ/ਸਕੂਟਰ/ਮੋਟਰ ਸਾਈਕਲ/ਕਾਰ ਦੇ ਗੁੰਮ ਹੋਣ ਜਾਂ ਇਸ ਦੇ ਕਿਸੇ ਕਿਸਮ ਦੇ ਨੁਕਸਾਨ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
22. ਵਹੀਕਲ ਸਟੈਂਡ ਦੇ ਠੇਕੇਦਾਰ ਵੱਲੋਂ ਸਟੈਂਡ ਵਿਖੇ ਨਾ ਤਾਂ ਕੋਈ ਗੈਰ ਕਾਨੂੰਨੀ ਕੰਮ ਕੀਤਾ ਜਾਵੇਗਾ ਅਤੇ ਨਾ ਹੀ ਕੋਈ inflamable material ਹੀ ਸਟੋਰ ਕੀਤਾ ਜਾਵੇਗਾ ।
23. ਵਹੀਕਲ ਸਟੈਂਡ ਵਿਖੇ ਪਾਰਕ ਹੋਏ ਅਨਜਾਨ/ਸ਼ੱਕੀ ਵਹੀਕਲ ਦੀ ਜਾਣਕਾਰੀ ਸੁਰੱਖਿਆ ਅਫਸਰ ਨੂੰ ਦੇਣ ਦੀ ਜਿੰਮੇਵਾਰੀ ਸਬੰਧਿਤ ਠੇਕੇਦਾਰ ਦੀ ਹੋਵੇਗੀ ।
24. ਵਹੀਕਲ ਸਟੈਂਡ ਦੇ ਠੇਕੇਦਾਰ ਨੂੰ ਇਸ ਨੂੰ ਅੱਗੇ sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।
25. "ਬਗੈਰ ਕਾਰਨ ਦੱਸੇ" ਇਕ ਹਫਤੇ ਦਾ ਸਮਾਂ ਦਿੰਦੇ ਹੋਏ ਸਬੰਧਿਤ ਠੇਕੇਦਾਰ ਦਾ ਠੇਕਾ ਰੱਦ ਕਰਕੇ ਵਹੀਕਲ ਸਟੈਂਡ ਖਾਲੀ ਕਰਵਾਉਣ ਦੀ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।

*ਨੋਟ: ਜਿਸ ਉਮੀਦਵਾਰ ਨੂੰ ਵਹੀਕਲ ਸਟੈਂਡ ਦੀ ਅਲਾਟਮੈਂਟ ਕਮੇਟੀ ਵਲੋਂ ਕੀਤੀ ਜਾਵੇਗੀ ਉਹ ਉਪਰੋਕਤ ਲਿਖੀਆਂ ਸ਼ਰਤਾਂ 25/-ਰੁਪਏ ਦੇ ਅਸ਼ਟਾਮ ਤੇ ਮੈਜਿਸਟ੍ਰੇਟ ਵਲੋਂ ਤਸਦੀਕਸ਼ੁਦਾ ਫੋਟੋ ਵਾਲਾ ਹਲਫੀਆ ਬਿਆਨ ਤਿਆਰ ਕਰਵਾ ਕੇ ਜਨਰਲ ਸ਼ਾਖਾ ਵਿਚ ਜਮ੍ਹਾਂ ਕਰਵਾਏਗਾ।*

# <u>ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ</u>

## ਵਹੀਕਲ ਸਟੈਂਡ
## ਲਈ ਫਾਰਮ/ਬਿਨੈ-ਪੱਤਰ

ਬਿਨੈਕਾਰ ਦੀ ਫੋਟੋ

1. ਬਿਨੈਕਾਰ ਦਾ ਨਾਮ : ____________________________
2. ਪਿਤਾ ਦਾ ਨਾਮ : ____________________________
3. ਉਮਰ : ____________________________
4. ਘਰ ਦਾ ਪਤਾ : ____________________________

   ____________________________

   ____________________________

5. ਮੋਬਾਇਲ ਨੰ. : ____________________________
6. E-mail ID : ____________________________

   *ਨੋਟ : (ਮੋਬਾਇਲ ਨੰਬਰ ਅਤੇ E-mail ਦਰੁੱਸਤ ਭਰੀ ਜਾਵੇ, ਜੇਕਰ ਕੋਈ ਤਰੁੱਟੀ ਰਹਿੰਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ ।)*

7. ਵਿਦਿਅਕ ਜਾਂ ਕਿਸੇ ਹੋਰ ਸੰਸਥਾ/ਕਾਲਜ/ਯੂਨੀਵਰਸਿਟੀ ਆਦਿ ਵਿਚ ਵਹੀਕਲ ਸਟੈਂਡ ਚਲਾਉਣ ਦਾ ਤਜ਼ਰਬਾ :

| ਕ੍ਰਮ ਨੰ. | ਸੰਸਥਾ ਦਾ ਨਾਮ | ਸਮਾਂ | |
|---|---|---|---|
| | | ਕਦੋਂ ਤੋਂ | ਕਦੋਂ ਤੱਕ |
| | | | |
| | | | |
| | | | |

**ਨੋਟ:- Experience Certificate ਨੱਥੀ ਕੀਤਾ ਜਾਵੇ।**

8. ਕਿੰਨੀ License Fee/Financial Bid ਭਰਨ ਲਈ ਤਿਆਰ ਹੋ ? : ____________(ਪ੍ਰਤੀ ਮਹੀਨਾ)
9. ਫਾਰਮ ਦੀ ਕੀਮਤ/ਫੀਸ ਦਾ ਵੇਰਵਾ : ਰਸੀਦ ਨੰਬਰ ________________ ਮਿਤੀ __________
10. ਬੈਂਕ ਡਰਾਫਟ ਦਾ ਵੇਰਵਾ :ਨੰਬਰ________________ਰਕਮ____________ ਮਿਤੀ __________

ਮੈਂ ਇਹ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar/blacklist ਕੀਤਾ ਗਿਆ ਹੈ ।

***ਬਿਨੈਕਾਰ ਦੇ ਹਸਤਾਖਰ***

**ਫਾਰਮ ਦੀ ਕੀਮਤ 2,000/-ਰੁਪਏ**